# ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ (ਪਿਕਟਸ)

## ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ-ਕਮ-ਮੈਂਬਰ ਸਕੱਤਰ ਪਿਕਟਸ

**ਪੀ.ਐਸ.ਈ.ਬੀ. ਕੰਪਲੈਕਸ, ਈ.ਬਲਾਕ, ਪੰਜਵੀਂ ਮੰਜ਼ਿਲ, ਫੇਜ਼-8, ਸਾਹਿਬਜਾਦਾ ਅਜੀਤ ਸਿੰਘ ਨਗਰ।**

**ਫੋਨ ਨੰ. 0172-5212319, ਈ-ਮੇਲ: edusat.punjab@punjabeducation.gov.in**


ਵੱਲ,

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ),
ਪੰਜਾਬ।

ਮੀਮੋ ਨੰ.: E-139452/ਪਿਕਟਸ/ਟਾਈਮ-ਸ਼ਡਿਊਲ/597127
ਮਿਤੀ: ..10.. ਅਪ੍ਰੈਲ, 2025.

**ਵਿਸ਼ਾ: ਨਵੇਂ ਵਿਦਿਅਕ ਵਰ੍ਹੇ 2025-26 ਲਈ ਸਕੂਲ ਸਿੱਖਿਆ ਵਿਭਾਗ ਲਈ ਐਜੂਸੈਟ ਪ੍ਰੋਗਰਾਮਾਂ (e-Vidya Channel) ਦਾ ਸ਼ਡਿਊਲ ਮਹੀਨਾ ਅਪ੍ਰੈਲ-2025.**

1.0 ਉਪਰੋਕਤ ਵਿਸ਼ੇ ਸਬੰਧੀ ਜਿਵੇਂ ਕਿ ਆਪ ਜੀ ਨੂੰ ਪਤਾ ਹੈ ਕਿ ਪਿਛਲੇ ਸਾਲ ਤੋਂ ਐਜੂਸੈਟ ਪ੍ਰੋਗਰਾਮ ROT (Received Only Terminals-Satellite Communication Based) ਦੀ ਬਜਾਏ e-Vidya Channel ਤੇ YouTube Link ਰਾਹੀ ਪ੍ਰਸਾਰਿਤ ਕੀਤੇ ਜਾ ਰਹੇ ਹਨ, ਜਿਸਦਾ YouTube Link ਹੇਠ ਲਿਖੇ ਅਨੁਸਾਰ ਹੈ: -
https://bit.ly/eVidya5Pb

2.0 ਇਸ ਸਬੰਧੀ ਇਹਨਾਂ ਐਜੂਸੈਟ ਪ੍ਰੋਗਰਾਮਾਂ ਦਾ ਸ਼ਡਿਊਲ ਸਰਕਲ/ਜਿਲਾ ਕੋਆਰਡੀਨੇਟਰ (ਆਈ.ਸੀ.ਟੀ /ਐਜੂਸੈਟ) ਰਾਹੀਂ ਰੋਜਾਨਾ ਸਬੰਧਤ ਜ਼ਿਲ੍ਹਿਆਂ ਦੇ ਸਕੂਲਾਂ ਨੂੰ WhatsApp groups ਵਿੱਚ ਭੇਜਿਆ ਜਾ ਰਿਹਾ ਹੈ ਅਤੇ ਇਹ ਪ੍ਰੋਗਰਾਮ ਸਕੂਲਾਂ ਵੱਲੋਂ ਸਫ਼ਲਤਾ ਪੂਰਵਕ ਵੱਖ-ਵੱਖ ਮਾਧਿਅਮ (ਜਿਵੇਂ ਕਿ ROT-LED TV, Micro PCs, Projectors, Smart Board, ICT/Edusat Labs etc.) ਤੇ ਵਿਭਾਗ ਵੱਲੋਂ ਮੁਹੱਈਆ ਕਰਵਾਏ ਗਏ FTTH Internet Connections ਦੀ ਸਹਾਇਤਾ ਨਾਲ ਵਾਚੇ ਜਾ ਰਹੇ ਹਨ।

3.0 ਉਪਰੋਕਤ ਸਬੰਧੀ ਆਪ ਜੀ ਨੂੰ ਮੁੜ ਲਿਖਿਆ ਜਾਂਦਾ ਹੈ ਕਿ ਇਹਨਾਂ ਪ੍ਰੋਗਰਾਮਾਂ ਨੂੰ ਸ਼ਡਿਊਲ ਮੁਤਾਬਿਕ ਵਾਚਣ ਲਈ ਸਬੰਧਤਾਂ ਨੂੰ ਹਦਾਇਤ ਕੀਤੀ ਜਾਵੇ ਅਤੇ ਵੱਧ ਤੋਂ ਵੱਧ ਉਤਸ਼ਾਹਿਤ ਕੀਤਾ ਜਾਵੇ। ਇਹਨਾਂ ਪ੍ਰੋਗਰਾਮਾਂ ਨੂੰ YouTube Link ਤੇ ਦੇਖਣ ਲਈ ਸਕੂਲ ਵਿੱਚ ਮੁਹੱਈਆ ਕਰਵਾਏ ਗਏ FTTH (WiFi) High Speed Internet Connections ਦੀ ਵਰਤੋਂ ਕਰਨੀ ਵੀ ਯਕੀਨੀ ਬਣਾਈ ਜਾਵੇ।

4.0 ਉਕਤ ਸਬੰਧੀ Internet/e-Vidya YouTube Channel ਮਾਧਿਅਮ ਰਾਹੀਂ ਪ੍ਰਸਾਰਿਤ ਕੀਤੇ ਜਾਣ ਵਾਲੇ ਪ੍ਰੋਗਰਾਮਾਂ ਦੀ ਜਿਲ੍ਹਾ ਪੱਧਰ ਤੇ ਮੋਨੀਟਰਿੰਗ ਕਰਨਾ ਯਕੀਨੀ ਬਣਾਇਆ ਜਾਵੇ ਅਤੇ ਪ੍ਰਸਾਰਿਤ ਕੀਤੇ ਜਾਣ ਵਾਲੇ

ਪ੍ਰੋਗਰਾਮਾਂ ਦੇ ਰੋਜਾਨਾ ਫੀਡਬੈਕ ਲਈ Google form link https://goo.gl/forms/xVw2bdM4effysZhB3 ਅਤੇ e-Mail edusatfeedback@punjabeducation.gov.in ਦੀ ਵਰਤੋਂ ਕੀਤੀ ਜਾ ਸਕਦੀ ਹੈ।

5.0 ਨਵੇਂ ਵਿੱਦਿਅਕ ਵਰ੍ਹੇ 2025-26 ਲਈ ਅਪ੍ਰੈਲ ਮਹੀਨੇ ਦਾ ਮਹੀਨਾਵਾਰ ਸ਼ਡਿਊਲ ਵੀ ਇਸ ਪੱਤਰ ਦੇ ਨਾਲ ਨੱਥੀ ਹੈ।

6.0 **ਇਥੇ ਇਹ ਵੀ ਦੱਸਣਯੋਗ ਹੈ ਕਿ ਸਿੱਖਿਆ ਵਿਭਾਗ ਵੱਲੋਂ ਇਸ ਸਮੇਂ ਮਿਸ਼ਨ ਸਮੱਰਥ ਫੇਜ਼-3.0 ਸ਼ੈਸ਼ਨ 2025-26 ਦੇ ਮੱਦੇਨਜ਼ਰ ਅਪ੍ਰੈਲ ਅਤੇ ਮਈ ਮਹੀਨੇ ਲਈ 6ਵੀਂ ਤੋਂ 8ਵੀਂ ਜਮਾਤਾਂ ਨੂੰ ਐਜੂਸੈਟ ਪ੍ਰੋਗਰਾਮਾਂ (e-Vidya Channel) ਤੋਂ ਛੋਟ ਹੋਵੇਗੀ ਅਤੇ ਇਹਨਾਂ ਦੋ ਮਹੀਨਿਆਂ ਲਈ ਮਿਸ਼ਨ ਸਮੱਰਥ ਸਬੰਧੀ ਐਸ.ਸੀ.ਈ.ਆਰ.ਟੀ ਵੱਲੋਂ ਜੋ ਹਦਾਇਤਾਂ (ਨਾਲ ਨੱਥੀ) ਜਾਰੀ ਕੀਤੀਆਂ ਗਈਆਂ ਹਨ, ਹੀ ਲਾਗੂ ਹੋਣਗੀਆਂ। ਇਸ ਤੋਂ ਇਲਾਵਾ ਅਗਲੇ ਮਹੀਨਿਆਂ ਲਈ ਐਜੂਸੈਟ ਸ਼ਾਖਾ ਵੱਲੋਂ ਪਹਿਲਾਂ ਤੋਂ ਭੇਜਿਆ ਗਿਆ ਟਾਈਮ ਟੇਬਲ 2025-26 (www.ssapunjab.org ਤੇ ਉਪਲਬਧ ਹੈ) ਹੀ ਲਾਗੂ ਰਹੇਗਾ।**

ਦ/- 09.04.25

**ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ**
**ਪੰਜਾਬ ਆਈ.ਸੀ.ਟੀ.ਐਜੂਕੇਸ਼ਨ ਸੁਸਾਇਟੀ**

**ਪਿੱਠਅੰਕਣ ਨੰ.: E-139452/ਪਿਕਟਸ/ਟਾਈਮ-ਸ਼ਡਿਊਲ/ਉਕਤ** **ਮਿਤੀ:** 10.04.2025.

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ: -

1. ਡਾਇਰੈਕਟਰ ਐਸ.ਸੀ.ਈ.ਆਰ.ਟੀ ਪੰਜਾਬ।
2. ਸਬੰਧਤ ਸਟੇਟ ਰਿਸੋਰਸ ਗਰੁੱਪ (ਸਾਇੰਸ/ਮੈਥ/ਅੰਗਰੇਜੀ/ਐਸ.ਐਸ/ਹਿਊਮੈਨਟੀਜ਼), ਸਟੂਡਿਓ ਇੰਜੀਨੀਅਰ, ਜੇ.ਈਜ਼।
3. ਨੋਡਲ ਅਫਸਰ ਅਤੇ ਚੈਨਲ ਕੋਆਰਡੀਨੇਟਰ e-Vidya Channel, ਐਸ.ਸੀ.ਈ.ਆਰ.ਟੀ, ਪੰਜਾਬ।
4. ਡੀ.ਐਮ.(ਐਮ.ਆਈ.ਐਸ) ਨੂੰ ਵੈਬਸਾਈਟ ਅਤੇ ਨੋਟਿਸ ਬੋਰਡ ਤੇ ਉਪਲਬਧ ਕਰਾਉਣ ਹਿੱਤ।

ਦ/- 09.04.25

**ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ**
**ਪੰਜਾਬ ਆਈ.ਸੀ.ਟੀ.ਐਜੂਕੇਸ਼ਨ ਸੁਸਾਇਟੀ**